# CBSE Class 10 Punjabi Question Paper 2022 (May 12)

**SET-4**

**Series AQ@QA**

**Q.P. Code 6**

Roll No. | | | | | | | | |

Candidates must write the Q.P. Code on the title page of the answer-book.

- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **6** ਪੰਨੇ ਹਨ ।
- ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵੱਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **15** ਪ੍ਰਸ਼ਨ ਹਨ ।
- **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿੱਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।

- Please check that this question paper contains **6** printed pages.
- Q.P. Code given on the right hand side of the question paper should be written on the title page of the answer-book by the candidate.
- Please check that this question paper contains **15** questions.
- **Please write down the serial number of the question in the answer-book before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਪੰਜਾਬੀ

# PUNJABI

*ਸਮਾਂ ਸੀਮਾਂ : 2 ਘੰਟੇ* | *ਪੂਰਨ ਅੰਕ : 40*

*Time allowed : 2 hours* | *Maximum Marks : 40*



collegedunia
India's largest Student Review Platform

**ਆਮ ਨਿਰਦੇਸ਼ :**

*ਹੇਠ ਲਿਖੇ ਨਿਰੇਦਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :*

- *ਇਸ ਪ੍ਰਸ਼ਨ-ਪੱਤਰ ਵਿੱਚ* ***ਤਿੰਨ*** *ਭਾਗ ਹਨ – ਵਿਆਕਰਨ, ਪ੍ਰਭਾਵਸ਼ਾਲੀ ਲਿਖਣ-ਕੌਸ਼ਲ ਅਤੇ ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ ।*
- ***ਭਾਗ ਪਹਿਲਾ*** *– 'ਵਿਆਕਰਨ' ਵਿੱਚ ਕੁੱਲ* ***ਦੋ (2)*** *ਪ੍ਰਸ਼ਨ ਹਨ, ਜਿਨ੍ਹਾਂ ਨੂੰ ਉਹਨਾਂ ਹੇਠ ਦਿੱਤੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ ।*
- ***ਭਾਗ ਦੂਜਾ*** *– 'ਪ੍ਰਭਾਵਸ਼ਾਲੀ ਲਿਖਣ-ਕੌਸ਼ਲ' ਵਿੱਚ* ***ਦੋ (2)*** *ਪ੍ਰਸ਼ਨ ਹਨ, ਜਿਨ੍ਹਾਂ ਨੂੰ ਉਹਨਾਂ ਹੇਠ ਦਿੱਤੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ ।*
- ***ਭਾਗ ਤੀਜਾ*** *– 'ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ' ਦਾ ਹੈ ਜਿਸ ਵਿੱਚ ਕੁੱਲ* ***ਗਿਆਰ੍ਹਾਂ (11)*** *ਪ੍ਰਸ਼ਨ ਹਨ । ਪ੍ਰਸ਼ਨਾਂ ਵਿੱਚ ਦਿੱਤੀਆਂ ਹਿਦਾਇਤਾਂ ਅਨੁਸਾਰ* ***ਸੱਤ (7)*** *ਪ੍ਰਸ਼ਨ ਹੱਲ ਕੀਤੇ ਜਾਣ ।*

***General Instructions :***

*Read the following instructions carefully and follow them :*

- *This question paper contains* ***three*** *sections – Grammar, Writing Skill and Text-Books Based Questions.*
- ***Part A*** *(Grammar) contains* ***two (2)*** *questions. Attempt both questions based on specific instructions given in the question itself.*
- ***Part B*** *(Writing Skill) consist* ***two (2)*** *questions. Attempt both questions based on specific instructions given in the question itself.*
- ***Part C*** *(Text-Books Based Questions) contains* ***11*** *questions. Attempt* ***7*** *questions as per the instructions given in the question itself.*



collegedunia
India's largest Student Review Platform

## ਭਾਗ ਪਹਿਲਾ : ਵਿਆਕਰਨ

**(PART A : Grammar)** *4+6=10*

ਅਗੇਤਰ – ਪਿਛੇਤਰ :

**1.** ਪੁੱਛੇ ਗਏ ਅਨੁਸਾਰ ਹੱਲ ਕਰੋ :

(i) ਹੇਠ ਲਿਖਿਆਂ ਵਿਚੋਂ ਕਿਸੇ ***ਦੋ (2)*** ਅਗੇਤਰਾਂ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਅਪ, ਸਹਿ, ਸਮ

(ii) ਹੇਠ ਲਿਖਿਆਂ ਵਿਚੋਂ ਕਿਸੇ ***ਦੋ (2)*** ਪਿਛੇਤਰਾਂ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਅਲ, ਈਲਾ, ਸ਼ਾਲਾ *2+2=4*

**2.** ਹੇਠ ਲਿਖਿਆਂ ਵਿਚੋਂ ਕਿਸੇ ***ਛੇ (6)*** ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ :

ਚੜ੍ਹ ਮੱਚਣੀ, ਚਾਦਰ ਵੇਖ ਕੇ ਪੈਰ ਪਸਾਰਨੇ, ਚੰਨ ’ਤੇ ਥੁੱਕਣਾ, ਛਿੱਕੇ ਉੱਤੇ ਟੰਗਣਾ, ਜ਼ਖ਼ਮਾਂ ’ਤੇ ਲੂਣ ਪਾਉਣਾ, ਜੀ ਖੱਟਾ ਹੋਣਾ, ਜੰਗਲ ਵਿਚ ਮੰਗਲ ਹੋਣਾ, ਝਈਆਂ ਲੈਣੀਆਂ

*6×1=6*

## ਭਾਗ ਦੂਜਾ : ਪ੍ਰਭਾਵਸ਼ਾਲੀ ਲਿਖਣ-ਕੌਸ਼ਲ

**(PART B : Writing Skill)** *8+7=15*

**3.** ਹੇਠ ਲਿਖਿਆਂ ਵਿਚੋਂ ਕਿਸੇ ***ਇੱਕ (1)*** ਵਿਸ਼ੇ ’ਤੇ 200 ਸ਼ਬਦਾਂ ਵਿੱਚ ਲੇਖ ਲਿਖੋ : *1×8=8*

(i) ਕੁਦਰਤੀ ਕਰੋਪੀਆਂ

ਭੂਮਿਕਾ ....... ਕਰੋਪੀ ਦੀਆਂ ਕਿਸਮਾਂ ....... ਭੂਚਾਲ ....... ਹੜ੍ਹ ....... ਕੁਦਰਤ ਨਾਲ ਛੇੜਛਾੜ ....... ਗਲੋਬਲ ਵਾਰਮਿੰਗ ....... ਵਾਤਾਵਰਨ ਪ੍ਰਦੂਸ਼ਣ ....... ਗਲੇਸ਼ੀਅਰਾਂ ਦਾ ਪਿਘਲਣਾ ....... ਮਹਾਂਸਾਗਰੀ ਲਹਿਰਾਂ ....... ਧਰਤੀ ਦਾ ਤਾਪਮਾਨ ....... ਸੁਝਾਅ



collegedunia
India's largest Student Review Platform

(ii) ਮਨਿ ਜੀਤੈ ਜਗੁ ਜੀਤ ।।

ਅਰਥ ....... ਮਨ ਦੀ ਅਵਸਥਾ ....... ਮਾਨਸਿਕ ਚੰਚਲਤਾ ....... ਮਨ ਉਪਰ ਕਾਬੂ ਪਾਉਣ ਦੀ ਲੋੜ ....... ਪ੍ਰਮਾਤਮਾ ਦਾ ਮੇਲ ....... ਮਨ ਨੂੰ ਜਿੱਤਣਾ ....... ਤ੍ਰਿਸ਼ਣਾਵਾਂ ਦਾ ਤਿਆਗ ....... ਅਹਿੰਸਾ ਨੂੰ ਅਪਨਾਉਣਾ ....... ਸਾਰੰਸ਼

(iii) ਕੋਈ ਅੱਖੀ ਡਿੱਠਾ ਮੈਚ

ਜਾਣਕਾਰੀ ....... ਟੀਮ ਦਾ ਨਾਂ ....... ਖੇਡ ਦਾ ਨਾਂ ....... ਟੂਰਨਾਮੈਂਟ ਦੀ ਥਾਂ ....... ਟਾਸ ਕਰਨੀ ....... ਖੇਡ ਦਾ ਪ੍ਰਦਰਸ਼ਨ ....... ਕਪਤਾਨਾਂ ਦੀ ਕਾਰਗੁਜ਼ਾਰੀ ....... ਦਰਸ਼ਕ ....... ਜਿੱਤ-ਹਾਰ ਦਾ ਫ਼ੈਸਲਾ ....... ਇਨਾਮ ....... ਸਕੂਲ ਵਿਚ ਛੁੱਟੀ ਦਾ ਐਲਾਨ

**4.** ਤੁਹਾਡੇ ਦੋਸਤ ਦੀ ਮਾਤਾ ਦੀ ਮੌਤ ਹੋ ਗਈ ਹੈ । ਤੁਸੀਂ ਉਸ ਨੂੰ ਅਫ਼ਸੋਸ ਭਰਿਆ ਇੱਕ ਪੱਤਰ ਲਿਖ ਕੇ ਉਸ ਨਾਲ ਹਮਦਰਦੀ ਪ੍ਰਗਟ ਕਰੋ । *1×7=7*

(a) ਨੁਕਤੇ : ਅਚਾਨਕ ਹੋਈ ਮੌਤ ਦੀ ਜਾਣਕਾਰੀ ....... ਵਿਸ਼ਵਾਸ ਨਾ ਹੋਣਾ ....... ਕੁੱਝ ਹਫ਼ਤੇ ਪਹਿਲਾਂ ਹੋਈ ਮੁਲਾਕਾਤ ਦਾ ਹਵਾਲਾ ....... ਦੁਖ ਵਿੱਚ ਹੰਝੂਆਂ ਦਾ ਨਾ ਰੁੱਕਣਾ ....... ਭਾਣਾ ਮੰਨ ਕੇ ਜ਼ਿੰਮੇਵਾਰੀ ਸੰਭਾਲਨ ਦਾ ਸੁਝਾਅ ....... ਸਦਮਾ ਬਰਦਾਸ਼ਤ ਕਰਨ ਦੀ ਕਾਮਨਾ .......

**ਜਾਂ**

(b) ਸਮਾਜ ਵਿਚ ਵੱਧ ਰਹੀ ਅਸੁਰੱਖਿਆ ਸੰਬੰਧੀ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ :

ਨੁਕਤੇ : ਰੁਜ਼ਾਨਾ ਵਧ ਰਹੀ ਅਸੁਰੱਖਿਆ ਦੀ ਭਾਵਨਾ ....... ਦਿਲ ਕੰਬਾਊ ਵਾਰਦਾਤਾਂ ....... ਜਾਨ ਤੇ ਮਾਲ ਦਾ ਖ਼ਤਰਾ ....... ਚੋਰਾਂ ਦੀ ਦਹਿਸ਼ਤ ....... ਕਿਸੇ ਘਟਨਾ ਦਾ ਹਵਾਲਾ ....... ਸਰਗਰਮ ਗਿਰੋਹ ਪ੍ਰਤੀ ਚਿਤਾਵਨੀ ....... ਲੁੱਟਾਂ ਖੋਹਾਂ ....... ਲੋਕਾਂ ਉੱਪਰ ਬੇਰਹਿਮ ਹਮਲੇ ....... ਗੁੰਡਾ-ਗਰਦੀ ਰੋਕਣ ਦਾ ਮਸ਼ਵਰਾ .......



collegedunia
India's largest Student Review Platform

## ਭਾਗ ਤੀਜਾ : ਪਾਠ–ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ

**(PART C : Text-Books Based Questions)** *3+4+4+4=15*

***ਕਵਿਤਾਵਾਂ ਵਿਚੋ:***

*(ਪ੍ਰਸ਼ਨ ਨੰਬਰ **5** ਤੋਂ **8** ਤੱਕ ਵਿਚੋਂ ਕਿਸੇ **ਤਿੰਨ (3)** ਪ੍ਰਸ਼ਨਾਂ ਦੇ ਉੱਤਰ **ਇੱਕ–ਦੋ** ਸ਼ਬਦਾਂ ਵਿੱਚ ਦਿਉ)* *3×1=3*

**5.** 'ਤੂੰ ਹੈ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਬਾਣੀ ਅਨੁਸਾਰ ਜਗਤ ਵਿੱਚ ਸਭ ਕੁੱਝ ਕਿਸ ਕਰਕੇ ਹੋ ਰਿਹਾ ਹੈ ?

**6.** 'ਤੂੰ ਹੈ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਰਚਨਾ ਵਿਚ ਆਏ ਸ਼ਬਦ 'ਬਿਖਾੜਾ' ਤੋਂ ਕੀ ਭਾਵ ਹੈ ?

**7.** 'ਸਤਿਗੁਰ ਨਾਨਕ ਪ੍ਰਗਟਿਆ' ਅਨੁਸਾਰ ਗੁਰੂ ਜੀ ਦੇ ਪ੍ਰਭਾਵ ਨਾਲ ਘਰ–ਘਰ ਅੰਦਰ ਕੀ ਬਣ ਗਈ ?

**8.** 'ਸਤਿਗੁਰ ਨਾਨਕ ਪ੍ਰਗਟਿਆ' ਰਚਨਾ ਵਿਚ ਆਏ ਸ਼ਬਦ 'ਪਲੋਆ' ਦਾ ਕੀ ਅਰਥ ਹੈ ?

***ਕਹਾਣੀ ਤੇ ਵਾਰਤਕ ਵਿਚੋਂ:***

*(ਪ੍ਰਸ਼ਨ ਨੰਬਰ **9** ਤੋਂ **11** ਤੱਕ ਵਿਚੋਂ ਕਿਸੇ **ਦੋ (2)** ਪ੍ਰਸ਼ਨਾਂ ਦੇ ਉੱਤਰ **25** ਤੋਂ **30** ਸ਼ਬਦਾਂ ਵਿੱਚ ਦਿਉ)* *2×2=4*

**9.** ਸੁਸਾਇਟੀ ਦੇ ਇੰਸਪੈਕਟਰ ਨੇ ਅਮਰੀਕ ਸਿੰਘ ਨੂੰ ਕਿਸ ਗੱਲ ਦੀ ਮੁਹਲਤ ਦਿੱਤੀ ?

**10.** ਅਰਦਾਸ ਕਰਨ ਨਾਲ ਕੀ ਹੁੰਦਾ ਹੈ ?

**11.** ਛਾਪੇ ਪਿੰਡ ਵਾਲਿਆਂ ਨੇ ਲੇਖਕ ਦੇ ਵਡੇਰਿਆਂ ਤੋਂ ਨਾਤਾ ਕਿਉਂ ਤੋੜਿਆ ?

***ਵਾਰਤਕ ਵਿਚੋਂ:***

*(ਪ੍ਰਸ਼ਨ ਨੰਬਰ **12** ਤੋਂ **13** ਵਿੱਚੋਂ ਕਿਸੇ **ਇੱਕ (1)** ਪ੍ਰਸ਼ਨ ਦਾ ਉੱਤਰ **50** ਤੋਂ **60** ਸ਼ਬਦਾਂ ਵਿੱਚ ਦਿਉ)* *1×4=4*

**12.** ਪਿੰਡ ਵਿਚ 'ਵਿਜੈ–ਪਤਾਕਾ' ਕਿਸ ਨੇ ਤੇ ਕਿਉਂ ਲਹਿਰਾਈ ?

**13.** ਅਰਦਾਸ ਕਦੋਂ ਅਤੇ ਕਿਉਂ ਕੀਤੀ ਜਾਂਦੀ ਹੈ ?



collegedunia
India's largest Student Review Platform

*ਇਕਾਂਗੀ ਵਿਚੋਂ:*

*(ਪ੍ਰਸ਼ਨ ਨੰਬਰ **14** ਤੋਂ **15** ਵਿੱਚੋਂ ਕਿਸੇ **ਇੱਕ (1)** ਪ੍ਰਸ਼ਨ ਦਾ ਉੱਤਰ **50** ਤੋਂ **60** ਸ਼ਬਦਾਂ ਵਿੱਚ ਦਿਉ)* *1×4=4*

**14.** ਬਲਵੰਤ ਸਿੰਘ ਦਾ ਦੂਜਾ ਵਿਆਹ ਕਰਾਉਣ ਦੀ ਧਮਕੀ ਪਿੱਛੇ ਕੀ ਕਾਰਨ ਹੈ ?

**15.** ਰਸੋਈ ਵਿੱਚ ਸਮਾਨ ਮੁੱਕ ਜਾਣ ਤੇ ਨਿਹਾਲ ਕੌਰ ਆਪਣੀ ਨੂੰਹ ਮਨਜੀਤ ਕੌਰ ਨੂੰ ਕੀ ਆਖਦੀ ਹੈ ?



collegedunia.com
India's largest Student Review Platform